ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਸਥਾਨਕ ਸਰਕਾਰ-3 ਸ਼ਾਖਾ)
ਅਧਿਸੂਚਨਾ

ਨੰ: 16/6/2019-4ਸਸ3/ 15708||1 ਮਿਤੀ,ਚੰਡੀਗੜ੍ਹ: 05/07/2019

ਜਿਵੇਂ ਕਿ ਨਗਰ ਕੌਂਸਲ, ਨੰਗਲ ਵੱਲੋ "ਦੀ ਪੰਜਾਬ ਪਰੋਹਿਬੀਸ਼ਨ ਆਫ ਕਾਓ ਸਲਾਟਰ ਐਕਟ 1955" (15 ਆਫ 1956) ਦੀ ਧਾਰਾ 7 ਅਧੀਨ ਆਪਣੇ ਮਤਾ ਨੰ: 52 ਮਿਤੀ: 27.5.2015 ਰਾਹੀਂ ਕਾਓ ਸੈਸ ਲਗਾਉਣਾ ਪ੍ਰਵਾਨ ਕੀਤਾ ਹੈ। ਇਸ ਦੇ ਸਬੰਧ ਵਿੱਚ ਅਖਬਾਰ ਰਾਹੀਂ ਜਨਤਕ ਸੂਚਨਾ ਪ੍ਰਕਾਸ਼ਿਤ ਕਰਵਾ ਕੇ ਆਮ ਜਨਤਾ ਪਾਸੋਂ ਇਤਰਾਜ ਅਤੇ ਸੁਝਾਓ ਮੰਗੇ ਗਏ ਸਨ, ਪ੍ਰਾਪਤ ਇਤਰਾਜ ਦੂਰ ਕਰਕੇ ਨਗਰ ਕੌਂਸਲ, ਨੰਗਲ ਵੱਲੋ ਮਤਾ ਨੰ: 92 ਮਿਤੀ: 28.7.2016 ਨੂੰ ਫਾਈਨਲ ਨੋਟੀਫਿਕੇਸ਼ਨ ਕਰਾਉਣ ਲਈ ਮਤਾ ਲਗਾਉਣਾ ਪ੍ਰਵਾਨ ਕੀਤਾ ਗਿਆ ।

2. ਇਸ ਲਈ ਹੁਣ "ਦੀ ਪੰਜਾਬ ਪਰੋਹਿਬੀਸ਼ਨ ਆਫ ਕਾਓ ਸਲਾਟਰ ਐਕਟ 1955" (15 ਆਫ 1956) ਦੀ ਧਾਰਾ 7 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਘੋਸ਼ਣਾ ਕਰਦੇ ਹਨ ਕਿ ਨਗਰ ਕੌਂਸਲ, ਨੰਗਲ ਦੇ ਖੇਤਰ ਵਿਖੇ ਹੇਠ ਲਿਖੀਆਂ ਵਸਤਾਂ ਦੀ ਵਿਕਰੀ ਉਤੇ ਫੀਸ (ਕਾਓ ਸੈਸ) ਲਾਗੂ ਹੋਵੇਗਾ ਜਿਸ ਦੀਆਂ ਕੁਲੈਕਟਿੰਗ ਏਜੰਸੀਆਂ ਹੇਠਾਂ ਦਿਤੇ ਟੇਬਲ ਵਿਚ ਘੋਸ਼ਿਤ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ: | ਆਈਟਮ ਦਾ ਨਾਮ | ਪ੍ਰਤੀ ਆਈਟਮ ਫੀਸ (ਕਾਓ ਸੈਸ) | ਕੁਲੈਕਟਿੰਗ ਏਜੰਸੀ ਦਾ ਨਾਮ |
|---|---|---|---|
| 1 | ਤੇਲ ਟੈਂਕਰ ਪ੍ਰਤੀ ਚੱਕਰ | 100/- ਰੁਪਏ | ਨਗਰ ਕੌਂਸਲ, ਨੰਗਲ |
| 2 | ਸ਼ਰਾਬ ਅੰਗਰੇਜੀ ਪ੍ਰਤੀ ਬੋਤਲ | 10/- ਰੁਪਏ | ਸਹਾਇਕ ਕਰ ਤੇ ਆਬਕਾਰੀ ਕਮਿਸ਼ਨਰ, ਰੂਪਨਗਰ |
| 3 | ਸ਼ਰਾਬ ਦੇਸੀ ਅਤੇ ਬੀਅਰ ਪ੍ਰਤੀ ਬੋਤਲ | 05/- ਰੁਪਏ | ਸਹਾਇਕ ਕਰ ਤੇ ਆਬਕਾਰੀ ਕਮਿਸ਼ਨਰ, ਰੂਪਨਗਰ |
| 4 | ਸੀਮਿੰਟ ਪ੍ਰਤੀ ਬੈਗ | 01/- ਰੁਪਏ | ਜਿਲ੍ਹਾ ਵਿਕਰੀ ਕਰ ਅਫਸਰ ਨਗਰ ਕੌਂਸਲ ਨੰਗਲ |
| 5 | ਮੈਰਿਜ ਪੈਲਿਸ ਏ.ਸੀ. ਪ੍ਰਤੀ ਫੰਕਸਨ | 1000/- ਰੁਪਏ | ਨਗਰ ਕੌਂਸਲ, ਨੰਗਲ |
| 6 | ਮੈਰਿਜ ਪੈਲਿਸ ਨਾਨ ਏ.ਸੀ. ਪ੍ਰਤੀ ਫੰਕਸਨ | 500/- ਰੁਪਏ | ਨਗਰ ਕੌਂਸਲ, ਨੰਗਲ |
| 7 | ਫੋਰ ਵ੍ਹੀਲਰ ਗੱਡੀ ਪ੍ਰਤੀ ਵਹੀਕਲ ਦੀ ਵਿਕਰੀ ਤੇ | 1000/- ਰੁਪਏ | ਜਿਲ੍ਹਾ ਟਰਾਂਸਪੋਰਟ ਅਫਸਰ, ਰੂਪਨਗਰ ਅਤੇ ਐਸ.ਡੀ.ਐਮ ਨੰਗਲ |
| 8 | ਦੋ ਵ੍ਹੀਲਰ ਗੱਡੀ ਪ੍ਰਤੀ ਵਹੀਕਲ ਦੀ ਵਿਕਰੀ ਤੇ | 200/- ਰੁਪਏ | ਜਿਲ੍ਹਾ ਟਰਾਂਸਪੋਰਟ ਅਫਸਰ, ਰੂਪਨਗਰ ਅਤੇ ਐਸ.ਡੀ.ਐਮ ਨੰਗਲ |

ਮਿਤੀ: ਚੰਡੀਗੜ੍ਹ
25.06.2019

ਐਮ.ਪੀ ਸਿੰਘ, ਆਈ.ਏ.ਐਸ.
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ

ਪਿੱਠ ਅੰਕਣ ਨੰ: 16/6/2019-4ਸਸ3/ 15708/2 ਮਿਤੀ ਚੰਡੀਗੜ੍ਹ: 05/07/2019

ਇਸ ਦਾ ਇਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਐਸ.ਏ.ਐਸ. ਨਗਰ (ਮੋਹਾਲੀ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਅਸਾਧਾਰਣ ਗਜਟ ਵਿੱਚ ਛਾਪਣ ਦੀ ਖੇਚਲ ਕੀਤੀ ਜਾਵੇ ਅਤੇ ਇਸ ਦੀਆਂ 10 ਕਾਪੀਆਂ ਸਰਕਾਰ ਨੂੰ ਰਿਕਾਰਡ ਲਈ ਭੇਜ ਦਿੱਤੀਆ ਜਾਣ।

ਅਧੀਨ ਸਕੱਤਰ, ਸਥਾਨਕ ਸਰਕਾਰ

ਪਿੱਠ ਅੰਕਣ ਨੰ: 16/6/2019-4ਸਸ3/ 1517081/3-15 ਮਿਤੀ ਚੰਡੀਗੜ੍ਹ: 05/07/2019

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1 ਵਿਤੀ ਕਮਿਸ਼ਨਰ, ਕਰ ਅਤੇ ਆਬਕਾਰੀ ਵਿਭਾਗ, ਪੰਜਾਬ ਚੰਡੀਗੜ੍ਹ;
2 ਪ੍ਰਮੁੱਖ ਸਕੱਤਰ, ਟਰਾਂਸਪੋਰਟ, ਪੰਜਾਬ, ਚੰਡੀਗੜ੍ਹ;
3 ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ;
4 ਚੇਅਰਮੇਨ,ਪੰਜਾਬ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ;
5 ਡਿਪਟੀ ਕਮਿਸ਼ਨਰ, ਰੂਪਨਗਰ।
6 ਰੀਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਲੁਧਿਆਣਾ।
7 ਉਪ-ਮੰਡਲ ਮੈਜਿਸਟਰੇਟ, ਨੰਗਲ।
8 ਕਾਰਜ ਸਾਧਕ ਅਫਸਰ, ਨਗਰ ਕੌਂਸਲ, ਨੰਗਲ।
9 ਪ੍ਰੀਖਕ, ਲੋਕਲ ਫੰਡ ਅਕਾਊਂਟਸ, ਪੰਜਾਬ, ਚੰਡੀਗੜ੍ਹ
10 ਦਫਤਰ ਟਾਊਨ ਪਲੈਨਰ, ਟਾਊਨ ਪਲੈਨਿੰਗ ਵਿੰਗ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ;
11 ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਰੂਪਨਗਰ
12 ਜਿਲ੍ਹਾ ਟਰਾਂਸਪੋਰਟ ਅਫਸਰ, ਰੂਪਨਗਰ।
13 ਜਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ, ਨੰਗਲ।

ਅਧੀਨ ਸਕੱਤਰ, ਸਥਾਨਕ ਸਰਕਾਰ